# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES — REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 18 ਨਵੰਬਰ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰਤਿਭਾਸ਼ਾਲੀ ਕੰਨਿਆ ਸਨਮਾਨ ਸਮਾਰੋਹ ਆਯੋਜਿਤ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼

ਸ੍ਰੀ ਮੁਕਤਸਰ ਸਾਹਿਬ, 18 ਨਵੰਬਰ : ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਿਪਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਪ੍ਰਤਿਭਾਸ਼ਾਲੀ ਕੰਨਿਆ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਸਥਾਨਕ ਕੋਟਕਪੂਰਾ ਰੋਡ ਸਥਿਤ ਰਾਹਤ ਹੋਟਲ ਵਿਖੇ ਹੋਏ ਇਸ ਸਮਾਰੋਹ ਦੀ ਪ੍ਰਧਾਨਗੀ ਬਿਮਲਾ ਢੋਸੀਵਾਲ ਨੇ ਕੀਤੀ, ਜਦੋਂ ਕਿ ਇੰਦਰਜੀਤ ਕੌਰ ਕੌਂਸਲਰ ਨੇ ਬਤੌਰ ਮੁੱਖ ਮਹਿਮਾਨ ਸਮਾਰੋਹ ਵਿੱਚ ਸ਼ਿਰਕਤ ਕੀਤੀ। ਮਿਸ਼ਨ ਮੁੱਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਅਤੇ ਦੇਖ ਰੇਖ ਹੋਏ ਇਸ ਸਮਾਰੋਹ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਚੀਫ ਪੈਟਰਨ ਇੰਸ. ਜਗਸੀਰ ਸਿੰਘ, ਪੈਟਰਨ ਡਾ. ਸੁਰਿੰਦਰ ਗਿਰਧਰ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਲੋਕ ਸੰਪਰਕ ਵਿੰਗ ਦੇ ਡਾਇਰੈਕਟਰ ਵਿਜੇ ਸਿਡਾਨਾ, ਜੁਗਨੂੰ ਗਗਨੇਜਾ,ਰਜਨੀ ਜੋਸ਼ੀ, ਕਮਲ ਕਿਸ਼ੋਰ ਸ਼ਰਮਾ, ਪ੍ਰਿਯਾ, ਸੁਮਨ ਗਿਰਧਰ, ਵੀਰਪਾਲ ਕੌਰ ਤੋਂ ਇਲਾਵਾ ਗੋਵਿੰਦ, ਮਾਧਵ, ਅਨਾਇਆ, ਆਨਿਆ, ਜਾਨਵੀ, ਮਾਹਿਰ ਸਮੇਤ ਵੀਰਪਾਲ ਕੌਰ ਬਲਾਕ ਪ੍ਰਧਾਨ, ਜਸਕਰਨ ਸਿੰਘ ਸੀ.ਆਈ.ਡੀ., ਮੋਨਿਕਾ ਅਰੋੜਾ ਆਦਿ ਸਮੇਤ ਸਨਮਾਨਿਤ ਕੀਤੀਆਂ ਕੰਨਿਆਵਾਂ ਦੇ ਮਾਂ-ਬਾਪ ਅਤੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।




ਇਸ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਦੇਕਰਨ ਦੇ ਪ੍ਰਿੰਸੀਪਲ ਦੀਪਕ ਬਾਂਸਲ ਅਤੇ ਲੈਕਚਰਾਰ ਅਮਨ ਚੁੱਘ ਵੀ ਸਮਾਰੋਹ ਦੌਰਾਨ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮਿਸ਼ਨ ਮੈਂਬਰ ਪੂਨਮ ਗਿਰਧਰ ਨੇ ਮੁੱਖ ਮਹਿਮਾਨ ਅਤੇ ਹੋਰਨਾਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਜੀ ਆਇਆ ਕਿਹਾ। ਸਮਾਰੋਹ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਨੇਹਾ , ਪੂਨਮ , ਤਾਨੀਆ , ਮੰਨਤ, ਸਾਹਿਰਾ, ਸਿਮਰਨ, ਸਮਰੀਤ, ਹਰਮਨਪ੍ਰੀਤ, ਕੋਮਲਪ੍ਰੀਤ, ਮਨਪ੍ਰੀਤ ਕੌਰ, ਰੂਹਾਨੀ, ਅਰਸ਼ਪ੍ਰੀਤ, ਖੁਸ਼ਪ੍ਰੀਤ, ਕਿਰਨਦੀਪ, ਕਰਮਦੀਪ, ਇੱਛਾ ਮਨਵੀਰ , ਮਹਿਕ, ਰਾਧਿਕਾ, ਰਜਨੀ, ਸਮਦ੍ਰਿਸ਼ਟੀ, ਮਾਨਿਆ, ਅਨੰਦ ਜੋਤੀ ਅਤੇ ਸੁਖਪ੍ਰੀਤ ਸਮੇਤ 23 ਪ੍ਰਤਿਭਾਸ਼ਾਲੀ ਕੰਨਿਆਵਾਂ ਨੂੰ ਮਿਸ਼ਨ ਵੱਲੋਂ ਮੁੱਖ ਮਹਿਮਾਨ ਦੁਆਰਾ ਸ਼ਾਨਦਾਰ ਮੋਮੈਂਟੋ ਭੇਂਟ ਕਰਕੇ ਉਨ੍ਹਾਂ ਦੀ ਹੌਂਸਲਾ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਇੰਦਰਜੀਤ ਕੌਰ ਕੌਂਸਲਰ ਨੇ ਮਿਸ਼ਨ ਵੱਲੋਂ ਸਨਮਾਨ ਸਮਾਰੋਹ ਕੀਤੇ ਜਾਣ ਦੇ ਉਪਰਾਲੇ ਦੀ ਪ੍ਰਸ਼ੰਸਾ ਕਰਦੇ ਹੋਏ ਮਿਸ਼ਨ ਮੁੱਖੀ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਮਾਜ ਵਿੱਚ ਵਧੀਆ ਨਾਮਣਾ ਖੱਟਣ ਵਾਲੀਆਂ ਇਹ ਕੰਨਿਆਵਾਂ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੁੰਦੀਆਂ ਹਨ। ਸਮਾਗਮ ਦੌਰਾਨ ਪ੍ਰਿੰ. ਬਾਂਸਲ ਅਤੇ ਲੈਕਚਰਾਰ ਅਮਨ ਚੁੱਘ ਨੇ ਅੱਜ ਦੇ ਸਮਾਰੋਹ ਲਈ ਮਿਸ਼ਨ ਦੀ ਸ਼ਲਾਘਾ ਕਰਦੇ ਹੋਏ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਨੂੰ ਮਨੁੱਖਤਾ ਦੀ ਸਭ ਤੋਂ ਵਧੀਆ ਸੇਵਾ ਕਰਾਰ ਦਿੱਤਾ। ਸਮਾਰੋਹ ਦੌਰਾਨ ਆਪਣੇ ਸੰਬੋਧਨ ਵਿੱਚ ਮਿਸ ਨੇਹਾ ਖਾਨ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਖੇਡਾਂ ਅਤੇ ਹੋਰਨਾਂ ਖੇਤਰਾਂ ਵਿੱਚ ਲੜਕੀਆਂ ਦੀ ਸ਼ਾਨਦਾਰ ਕਾਰਗੁਜਾਰੀ ਸਾਡੇ ਦੇਸ਼ ਦੀ ਉੱਨਤੀ ਵੱਲ ਲਿਜਾਣ ਵਾਲਾ ਵਧੀਆ ਕਦਮ ਹਨ। ਮੁੱਖ ਰੂਪ ਵਿੱਚ ਆਪਣੇ ਸੰਬੋਧਨ ਵਿੱਚ ਪ੍ਰਧਾਨ ਢੋਸੀਵਾਲ ਨੇ ਅੱਜ ਸਨਮਾਨਿਤ ਕੀਤੀਆਂ ਗਈਆਂ ਸਾਰੀਆਂ ਲੜਕੀਆਂ, ਉਨ੍ਹਾਂ ਦੇ ਮਾਂਪਿਆਂ, ਅਧਿਆਪਕਾਂ ਅਤੇ ਸਿਖਲਾਈ ਦੇਣ ਵਾਲੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੱਤੀ। ਸਮਾਰੋਹ ਦੌਰਾਨ ਬਾਕੀ ਸਮੂਹ ਬੁਲਾਰਿਆਂ ਨੇ ਵੀ ਆਪਣੇ ਸੰਬੋਧਨ ਦੌਰਾਨ ਸਨਮਾਨਿਤ ਕੀਤੀਆਂ ਗਈਆਂ ਸਾਰੀਆਂ ਲੜਕੀਆਂ ਨੂੰ ਵਧਾਈ ਦਿੱਤੀ। ਉਕਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਹੈ ਕਿ ਸਮਾਰੋਹ ਦੌਰਾਨ ਮਹਿਨਾਜ , ਮਾਨਿਆ, ਜਾਨਵੀ ਅਤੇ ਅਨਾਇਆ ਸਮੇਤ ਕਈ ਹੋਰ ਬੱਚੀਆਂ ਨੇ ਸ਼ਾਨਦਾਰ ਕਲਚਰਲ ਪ੍ਰੋਗਰਾਮ ਵੀ ਪੇਸ਼ ਕੀਤਾ। ਸਮਾਰੋਹ ਵਿੱਚ ਰੋਸ਼ਨ ਲਾਲ, ਜਗਦੇਵ ਸਿੰਘ, ਯਸ਼, ਕਮਲਜੀਤ , ਪੁਸ਼ਪਾ, ਸੇਵਾ ਸਿੰਘ, ਮਨਸੀਰਤ, ਨਰਿੰਦਰ ਕੌਰ, ਸੋਮਾ ਕੌਰ, ਸਪਿੰਦਰਜੀਤ ਸਿੰਘ, ਅਮਨਪ੍ਰੀਤ ਕੌਰ, ਰਾਜ ਕੁਮਾਰ, ਸ਼ਿਵਾਲੀ, ਸੰਤ ਲਾਲ, ਹਰਦੀਪ ਸਿੰਘ, ਅਮਨਦੀਪ ਕੌਰ, ਸੰਸਾਰ ਖਾਨ, ਪਰਮਵੀਰ ਸਿੰਘ, ਰਵੀ ਕੁਮਾਰ, ਨੀਤੀ, ਰਮਨਦੀਪ ਅਤੇ ਦੀਪਤੀ ਆਦਿ ਸਮੇਤ ਕਈ ਹੋਰ ਪ੍ਰਮੁੱਖ ਸਖਸ਼ੀਅਤਾਂ ਮੌਜੂਦ ਸਨ। ਸਮਾਰੋਹ ਦੀ ਸਮਾਪਤੀ ਉਪਰੰਤ ਸਭਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

## ਮਾਨਸਰੋਵਰ ਸਾਹਿਤ ਅਕਾਦਮੀ ਦਾ ਲਾਇਵ ਪ੍ਰੋਗਰਾਮ ਸ਼ਾਨਦਾਰ ਹੋ ਨਿੱਬੜਿਆ – ਮਹਿੰਦਰ ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ — ਅਸ਼ੋਕ ਸ਼ਰਮਾ

ਫਗਵਾੜਾ 18 ਨਵੰਬਰ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 17 ਨਵੰਬਰ 2025 ਦਿਨ ਸੋਮਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਜਤਿੰਦਰਪਾਲ ਕੌਰ ਭਿੰਡਰ, ਹਰਪ੍ਰੀਤ ਸਿੰਮੀ (ਗੁਰਦਾਸਪੁਰ), ਜਸਵੀਰ ਸੋਨੀ (ਬੁਢਲਾਡਾ), ਭੁਪਿੰਦਰ ਸਿੰਘ ਸਿਆਣ ਫਗਵਾੜਾ ਅਤੇ ਡਾ. ਟਿੱਕਾ ਜੇ ਐਸ ਸਿੱਧੂ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਜਤਿੰਦਰਪਾਲ ਕੌਰ ਭਿੰਡਰ ਅਤੇ ਹਰਪ੍ਰੀਤ ਸਿੰਮੀ ਨੇ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਜਸਵੀਰ ਸੋਨੀ ਅਤੇ ਭੁਪਿੰਦਰ ਸਿੰਘ ਸਿਆਣ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਡਾ. ਟਿੱਕਾ ਜੇ ਐਸ ਸਿੱਧੂ ਨੇ ਵੀ ਗ਼ਜ਼ਲਾਂ ਨਾਲ ਖੂਬ ਸਮਾਂ ਬੰਨਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਸੁਣਾਵਾਂ ਸੌ ਦੀ ਇੱਕ ਮਿੱਤਰਾ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।




## 350ਵੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਦਿਆਰਥੀਆਂ ਦੇ ਜੂਨੀਅਰ ਅਤੇ ਸੀਨੀਅਰ ਗਰੁੱਪ ਦੇ ਭਾਸ਼ਣ ਮੁਕਾਬਲੇ 20 ਨੂੰ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 18 ਨਵੰਬਰ : ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਕੋਟਕਪੂਰਾ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 350 ਵੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਫਰੀਦਕੋਟ ਦੇ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਜੂਨੀਅਰ ਗਰੁੱਪ ਅਤੇ ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਸੀਨੀਅਰ ਗਰੁੱਪ ਬਣਾ ਕੇ 20 ਨਵੰਬਰ ਨੂੰ ਸਵੇਰੇ ਠੀਕ 10:00 ਵਜੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਸਰਕਾਰੀ ਮਿਡਲ ਸਕੂਲ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਭਾਸ਼ਣ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਅਸ਼ੋਕ ਕੌਸ਼ਲ, ਮੀਤ ਪ੍ਰਧਾਨ ਪ੍ਰੇਮ ਚਾਵਲਾ, ਜਨਰਲ ਸਕੱਤਰ ਕੁਲਵੰਤ ਸਿੰਘ ਚਾਨੀ, ਵਿੱਤ ਸਕੱਤਰ ਸੋਮਨਾਥ ਅਰੋੜਾ, ਮੁੱਖ ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ, ਪੀ.ਆਰ.ਓ. ਪ੍ਰੋਫੈਸਰ ਹਰਬੰਸ ਸਿੰਘ ਪਦਮ, ਤਰਸੇਮ ਨਰੂਲਾ, ਮੁਖਤਿਆਰ ਸਿੰਘ ਮੱਤਾ ਅਤੇ ਇਕਬਾਲ ਸਿੰਘ ਮੰਘੇੜਾ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਦਾ ਵਿਸ਼ਾ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਦੀ ਅਜੋਕੇ ਦੌਰ ਵਿੱਚ ਮਹੱਤਤਾ, ਧਾਰਮਿਕ ਸਹਿਣਸ਼ੀਲਤਾ ਦੇ ਅਲੰਬਰਦਾਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਹੋਵੇਗਾ। ਉਹਨਾਂ ਅੱਗੇ ਦੱਸਿਆ ਕਿ ਜੂਨੀਅਰ ਗਰੁੱਪ ਦੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ ਸਥਾਨ 2000 ਰੁਪਏ, ਦੂਜਾ ਸਥਾਨ 1500 ਰੁਪਏ ਅਤੇ ਤੀਜਾ ਸਥਾਨ 1000 ਰੁਪਏ, ਇਸੇ ਤਰ੍ਹਾਂ ਸੀਨੀਅਰ ਗਰੁੱਪ ਦੇ ਜੇਤੂ ਵਿਦਿਆਰਥੀਆਂ ਨੂੰ ਪਹਿਲਾ ਸਥਾਨ 2500 ਰੁਪਏ, ਦੂਜਾ ਸਥਾਨ 2000 ਰੁਪਏ ਅਤੇ ਤੀਜਾ ਸਥਾਨ ਨੂੰ 1500 ਰੁਪਏ ਨਗਦ ਰਾਸ਼ੀ, ਸਰਟੀਫਿਕੇਟ, ਮੈਡਲ ਅਤੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸਬੰਧਤ ਇੱਕ ਪੁਸਤਕ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਅਤੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।

## ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ਫ਼ਰੀਦਕੋਟ ਵੱਲੋ ਲਗਾਇਆਂ ਲਗਾਤਾਰ ਤਿੰਨ ਦਿਨ ਵਿਸਾਲ ਖੂਨਦਾਨ ਕੈਂਪ।

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 18 ਨਵੰਬਰ : ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ( ਰਜਿ) ਫ਼ਰੀਦਕੋਟ ਵੱਲੋ ਗੁਰਦੁਆਰਾ ਸਾਹਿਬ ਸੁਲਤਾਨਪੁਰ ਲੋਧੀ ਵਿੱਚ ਤਿੰਨ ਦਿਨ ਲਗਾਤਾਰ ਖੂਨਦਾਨ ਕੈਂਪ ਲਗਾਇਆਂ।ਜਿਸ ਵਿਚ ਸੰਗਤਾਂ ਵੱਲੋ ਵਧ ਚੜ੍ਹ ਕੇ ਖ਼ੂਨਦਾਨ ਕੀਤਾ ਗਿਆ। ਇਹ ਜਾਣਕਾਰੀ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਨੇ ਵੱਲੋ ਕੀਤੀ ਗਈ। ਓਨਾਂ ਦੱਸਿਆ ਕਿ ਇਹ ਕੈਪ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਪਾਤਸ਼ਾਹੀ ਦੇ ਪੁਰਬ ਨੂੰ ਸਮਰਪਿਤ ਕੀਤਾ ਗਿਆ ਹੈ।

ਇਸ ਸਮੇ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਬਰਾੜ ਗੋਲੇਵਾਲਾ, ਖਜਾਨਚੀ ਸਤਨਾਮ ਸਿੰਘ ਮੰਗੇੜਾ ਕੋਟਕਪੂਰਾ, ਸਲਾਹਕਾਰ ਗੁਰਸੇਵਕ ਸਿੰਘ ਥਾੜਾ ਸਟੋਕ ਮਨੇਜੈਰ ਸਵਰਾਜ ਸਿੰਘ,ਮਨੈਜਰ ਜੱਸੀ ਥਾੜਾ, ਅਮਨਦੀਪ ਸਿੰਘ ਨਵਾਂ ਕਿਲਾ ਸਕੱਤਰ ਸੁਖਵੀਰ ਸਿੰਘ, ਅਰਸ਼ਦੀਪ ਸਿੰਘ ਕੋਠੇ ਧਾਲੀਵਾਲ, ਦਲਜੀਤ ਸਿੰਘ ਡੱਲੇਵਾਲਾ, ਗੁਰਪ੍ਰੀਤ ਸਿੰਘ, ਅਰਮਾਨ ਸਿੰਘ, ਗੁਰਨੂਰ ਸਿੰਘ , ਨੈਤਿਕ ਮੌਂਗਾ, ਦਵਿੰਦਰ ਸਿੰਘ ਮੰਡ, ਸਿਮਰਨਜੀਤ, ਮਿਤੀ, ਗੁਰਜੰਟ, ਗੁਰਸ਼ਰਨ, ਸ਼ੈਟੀ,ਹੈਰੀ ਕੋਟ ਸੋਖਿਆ, ਜਸਪ੍ਰੀਤ ਸਿੰਘ,ਗੁਰੀ ਅਪਾਰਸਪ੍ਰੀਤ ਸਿੰਘ ਤੇ ਕਰਨ ਭੋਲੂਵਾਲਾ ਆਦਿ ਹਾਜ਼ਰ ਸਨ।

## ਦਸਮੇਸ਼ ਮਿਸ਼ਨ ਸਕੂਲ ਹਰੀਨੌਂ ਵੱਲੋਂ ਵਿਦਿਆਰਥੀਆਂ ਦਾ ਵਿੱਦਿਅਕ ਟੂਰ ਕਰਵਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ




ਕੋਟਕਪੂਰਾ, 18 ਨਵੰਬਰ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀਨੌ ਵੱਲੋਂ ਹਰ ਸਾਲ ਦੀ ਤਰ੍ਹਾਂ ਸੀਨੀਅਰ ਸੈਕੰਡਰੀ ਕਲਾਸਾਂ ਦੇ ਵਿਦਿਆਰਥੀਆਂ ਦਾ ਵਿਦਿਅਕ ਦੌਰਾ ਚੰਡੀਗੜ੍ਹ ਅਤੇ ਪੰਚਕੁਲਾ ਵਿਖੇ ਕਰਵਾਇਆ ਗਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਜੀਤ ਸਿੰਘ ਅਤੇ ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ਼੍ਰੀਮਤੀ ਸੋਮਾ ਦੇਵੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਦੀ ਅਗਵਾਈ ਗੁਰਵਿੰਦਰ ਸਿੰਘ ਅਤੇ ਬਲਜੀਤ ਕੌਰ ਵੱਲੋਂ ਕੀਤੀ ਗਈ। ਬੱਚਿਆਂ ਨੂੰ ਸੰਘੋਲ ਵਿਖੇ ਪੁਰਾਤਨ ਸੱਭਿਅਤਾ ਨਾਲ ਸਬੰਧਤ ਅਜਾਇਬ ਘਰ ਦਿਖਾਇਆ ਗਿਆ। ਇਸ ਉਪਰੰਤ ਰੋਜ਼ ਗਾਰਡਨ ਅਤੇ ਬਰਡ ਪਾਰਕ ਚੰਡੀਗੜ੍ਹ ਵਿਖੇ ਲਿਜਾਇਆ ਗਿਆ ਜੋ ਬੱਚਿਆਂ ਲਈ ਬਹੁਤ ਰੌਚਕ ਅਤੇ ਜਾਣਕਾਰੀ ਭਰਪੂਰ ਸੀ। ਸ਼ਾਮ ਹੋਣ ਉਪਰੰਤ ਬੱਚਿਆਂ ਨੇ ਸੁਖਨਾ ਝੀਲ ਦੇ ਖੂਬਸੂਰਤ ਨਜ਼ਾਰਿਆਂ ਦਾ ਆਨੰਦ ਮਾਣਿਆ। ਸਮੇਂ ਸਮੇਂ ਤੇ ਬੱਚਿਆਂ ਦੇ ਖਾਣ ਪੀਣ ਦਾ ਖਾਸ ਧਿਆਨ ਰੱਖਿਆ ਗਿਆ। ਬੱਚਿਆਂ ਦੀ ਰਾਤ ਦੇ ਰੁਕਣ ਲਈ ਵੀ ਵਧੀਆ ਪ੍ਰਬੰਧ ਕੀਤਾ ਗਿਆ। ਸਵੇਰੇ ਨਾਸ਼ਤਾ ਕਰਵਾ ਕੇ ਬੱਚਿਆਂ ਨੂੰ ਮੋਰਨੀ ਦੀਆਂ ਪਹਾੜੀਆਂ ਵਿਖੇ ਲਿਜਾਇਆ ਗਿਆ ਜਿੱਥੇ ਬੱਚਿਆਂ ਨੇ ਬੋਟਿੰਗ ਕਰਕੇ ਖੂਬ ਆਨੰਦ ਮਾਣਿਆ। ਸ਼ਾਮ ਨੂੰ ਫਤਿਹਗੜ੍ਹ ਸਾਹਿਬ ਵਿਖੇ ਗੁਰਦੁਆਰਾ ਕੰਧ ਸਾਹਿਬ ਅਤੇ ਠੰਡੇ ਬੁਰਜ ਵਿੱਚ ਬੱਚੇ ਨਤਮਸਤਕ ਹੋਏ। ਸਾਰੇ ਟੂਰ ਦੌਰਾਨ ਸ਼ਮਿੰਦਰ ਕੌਰ, ਮਨਪ੍ਰੀਤ ਕੌਰ ਅਤੇ ਗੁਰਸ਼ਿੰਦਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਖੇਡਾਂ ਸਮੇਤ ਧਾਰਮਿਕ, ਸਮਾਜਿਕ, ਰਾਜਨੀਤੀਕ ਅਤੇ ਸੱਭਿਆਚਾਰਕ ਗਤੀ ਵਿਧੀਆਂ ਵਿੱਚ ਵੀ ਭਾਗ ਲੈਣ ਲਈ ਪ੍ਰੇਰਿਆ ਜਾਂਦਾ ਹੈ ਤਾਂ ਜੋ ਬੱਚੇ ਦਾ ਸਰਵ ਪੱਖੀ ਵਿਕਾਸ ਹੋ ਸਕੇ।

## ਹੰਸ ਰਾਜ ਕਾਲਜ ਵੱਲੋਂ ਇੱਕ ਰੋਜ਼ਾ ਐਨ.ਐਸ.ਐਸ ਕੈਂਪ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ




ਕੋਟਕਪੂਰਾ/ਬਰਗਾੜੀ, 18 ਨਵੰਬਰ : ਹੰਸ ਰਾਜ ਮੈਮੋਰੀਅਲ ਕਾਲਜ ਆਫ ਐਜੂਕੇਸ਼ਨ, ਬਾਜਾਖਾਨਾ (ਫਰੀਦਕੋਟ) ਦੇ ਬੀ.ਐੱਡ ਵਿਦਿਆਰਥੀਆਂ ਵੱਲੋਂ ਇੱਕ ਰੋਜ਼ਾ ਐਨ.ਐਸ.ਐਸ. ਕੈਂਪ ਸੰਸਥਾ ਦੇ ਚੇਅਰਮੈਨ ਦਰਸ਼ਨ ਪਾਲ ਸ਼ਰਮਾ ਦੀ ਰਹਿਨੁਮਾਈ ਹੇਠ ਲਾਇਆ ਗਿਆ। ਇਸ ਕੈਂਪ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਵਿਦ੍ਆਰਥੀਆਂ ਨੂੰ ਸਫ਼ਾਈ ਦੀ ਮਹੱਤਤਾ ਦੱਸਦੇ ਹੋਏ ਕੀਤੀ। ਇਹ ਕੈਂਪ ਪਿੰਡ ਲੰਭਵਾਲੀ ਦੇ ਸਮਸ਼ਾਨ-ਘਾਟ ਵਿੱਚ ਲਗਾਇਆ ਗਿਆ। ਕੈਂਪ ਦੇ ਦੌਰਾਨ ਵਿਦਿਆਰਥੀਆਂ ਨੇ ਸਮਸ਼ਾਨ-ਘਾਟ ਦੀ ਪੂਰੀ ਲਗਨ ਨਾਲ ਸਫ਼ਾਈ ਕੀਤੀ। ਵਿਦਿਆਰਥੀਆਂ ਵੱਲੋਂ ਪਹਿਲਾਂ ਤੋਂ ਲਗਾਏ ਗਏ ਬੂਟਿਆਂ ਦੀ ਸਾਂਭ-ਸੰਭਾਲ ਕਰਨ ਦੇ ਨਾਲ-ਨਾਲ ਨਵੇਂ ਛਾਂਦਾਰ ਪੌਦੇ ਵੀ ਲਾਏ ਗਏ। ਇਸ ਦੌਰਾਨ ਬੀ.ਐੱਡ ਸਟਾਫ ਸ਼੍ਰੀਮਤੀ ਗਗਨਦੀਪ ਕੌਰ, ਸ਼੍ਰੀਮਤੀ ਚਿੰਕੀ, ਸ਼੍ਰੀਮਤੀ ਮਨਪ੍ਰੀਤ ਕੌਰ, ਪਰਮਿੰਦਰ ਕੌਰ, ਜਗਸੀਰ ਸਿੰਘ ਅਤੇ ਜਸਪਾਲ ਸਿੰਘ ਸ਼ਾਮਲ ਸਨ। ਇਸ ਮੌਕੇ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਹੱਥੀ ਕੰਮ ਕਰਨ ਲਈ ਪ੍ਰੇਰਨਾ ਦਿੱਤੀ ਅਤੇ ਵਿਦਿਆਰਥੀਆਂ ਨੂੰ ਘਰ ਅਤੇ ਕਾਲਜ ਦੀ ਸਫ਼ਾਈ ਦੇ ਨਾਲ–ਨਾਲ ਸਮਾਜਿਕ ਥਾਵਾਂ ਨੂੰ ਸਵੱਛ ਬਣਾਉਣ ਅਤੇ ਇਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸੰਸਥਾ ਵੱਲੋਂ ਵਿਦਿਆਰਥੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ।

## ਲੋੜਵੰਦ ਪਰਿਵਾਰਾਂ ਨੂੰ ਕੀਤੀ ਗਈ ਮਹੀਨਾਵਾਰੀ ਰਾਸ਼ਨ ਦੀ ਵੰਡ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ




ਕੋਟਕਪੂਰਾ, 18 ਨਵੰਬਰ : ਐੱਸ.ਐੱਚ.ਐੱਫ. (ਰਜਿ:) ਦੇ ਸੇਵਾਦਾਰਾਂ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰੀ ਰਾਸ਼ਨ ਦੀ ਵੰਡ ਲਈ ਇੱਕ ਸਾਦਾ ਸਮਾਰੋਹ ਸੇਵ ਹਿਊਮੈਨਿਟੀ ਕੰਪਿਊਟਰ ਸੈਂਟਰ, ਕੋਟਕਪੂਰਾ ਰੋਡ ਫਰੀਦਕੋਟ ਵਿਖੇ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਚ.ਐੱਫ. (ਰਜਿ:) ਫਰੀਦਕੋਟ ਦੇ ਸੇਵਾਦਾਰ ਭਾਈ ਸ਼ਿਵਜੀਤ ਸਿੰਘ ਸੰਘਾ ਅਤੇ ਵਿੱਕੀ ਗਰੋਵਰ ਨੇ ਦੱਸਿਆ ਕਿ ਗੁਰੂ ਆਸਰਾ ਕਲੱਬ ਅਤੇ ਐੱਸ.ਐੱਚ.ਐੱਫ. ਦੇ ਸਹਿਯੋਗੀ ਵੀਰ ਭੈਣਾਂ ਦੇ ਸਹਿਯੋਗ ਨਾਲ ਫਰੀਦਕੋਟ ਦੇ ਲੋੜਵੰਦ ਪਰਿਵਾਰਾਂ ਨੂੰ ਹਰ ਮਹੀਨੇ ਰਾਸ਼ਨ ਦੀ ਸੇਵਾ ਕੀਤੀ ਜਾ ਰਹੀ ਹੈ। ਇਹਨਾਂ ਪਰਿਵਾਰਾਂ ਵਿੱਚ ਬੇਸਹਾਰਾ ਬਜ਼ੁਰਗ, ਅੰਗਹੀਣ ਅਤੇ ਵਿਧਵਾਵਾਂ ਸ਼ਾਮਲ ਹਨ। ਉਹਨਾਂ ਦੱਸਿਆ ਕਿ ਪੰਜਾਬ ਅਤੇ ਕੈਨੇਡਾ ਵਿੱਚ ਰਹਿਣ ਵਾਲੇ ਪੰਜਾਬ ਨਾਲ ਸਬੰਧਤ ਗੁਰੂ ਆਸਰਾ ਕਲੱਬ ਦੇ ਨੌਜਵਾਨ ਵੀਰਾਂ-ਭੈਣਾਂ ਵੱਲੋਂ ਸੰਗਤੀ ਰੂਪ ਵਿੱਚ ਹਰ ਮਹੀਨੇ ਆਪਣੀ ਕਿਰਤ ਕਮਾਈ ਦਾ ਦਸਵੰਧ ਇਕੱਠਾ ਕਰਦੇ ਹਨ ਅਤੇ ਪੰਜਾਬ ਦੇ ਲੋੜਵੰਦ ਪਰਿਵਾਰਾਂ ਨੂੰ ਮਹੀਨਾਵਾਰ ਰਾਸ਼ਨ, ਲੋੜਵੰਦ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਆਰਥਿਕ ਮੱਦਦ, ਲੋੜਵੰਦ ਮਰੀਜਾਂ ਦੇ ਇਲਾਜ ਆਦਿ ਦੀ ਸੇਵਾ ਵਿੱਚ ਸਹਿਯੋਗ ਕਰਦੇ ਹਨ। ਜਸਪ੍ਰੀਤ ਸਿੰਘ ਨੇ ਗੁਰੂ ਆਸਰਾ ਕਲੱਬ ਅਤੇ ਐੱਸ.ਐੱਚ.ਐੱਫ. ਦੇ ਸਹਿਯੋਗੀ ਵੀਰ ਭੈਣਾਂ ਦੇ ਸਮੂਹ ਸੇਵਾਦਾਰ ਵੀਰ ਭੈਣਾਂ ਦਾ ਇਸ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਜਿੱਥੇ ਪੰਜਾਬ ਦੇ ਵਿਦੇਸ਼ਾਂ ਵਿੱਚ ਵਸੇ ਧੀਆਂ ਪੁੱਤਰ ਵਿਦੇਸ਼ਾਂ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ, ਉੱਥੇ ਹੀ ਪੰਜਾਬ ਦੇ ਲੋੜਵੰਦਾਂ ਦੀ ਮੱਦਦ ਕਰਨਾ ਵੀ ਆਪਣਾ ਫਰਜ਼ ਸਮਝਦੇ ਹਨ। ਉਹਨਾਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ ਅਤੇ ਸੰਸਥਾ ਵੱਲੋਂ ਆਪਣੇ ਸੇਵਾ ਕਾਰਜਾਂ ਰਾਹੀਂ ਮਨੁੱਖਤਾ ਦੀ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਮੌਕੇ ਹਰਪ੍ਰੀਤ ਸਿੰਘ ਅਤੇ ਇਸ਼ਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜਰ ਸਨ।

## ਖ਼ੂਨ ਦੇ ਛਿੱਟੇ ਮਾਰਨ ਵਾਲਾ ਭੂਤ ਕੀਤਾ ਕਾਬੂ- ਮਾਸਟਰ ਪਰਮਵੇਦ



ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ, ਇਸ ਯੁੱਗ ਵਿੱਚ ਮਨੁੱਖ ਨੇ ਹਰ ਖ਼ੇਤਰ ਵਿੱਚ ਅਸਰਅੰਦਾਜ਼ ਖੋਜਾਂ ਕਾਢਾਂ ਰਾਹੀਂ ਮਨੁੱਖੀ ਜੀਵਨ ਨੂੰ ਬੇਅੰਤ ਸੁਖ ਸਹੂਲਤਾਂ ਨਾਲ ਭਰ ਦਿੱਤਾ ਹੈ । ਸੰਚਾਰ, ਆਵਾਜਾਈ, ਮਨੋਰੰਜਨ, ਰੋਜ਼ਾਨਾ ਜ਼ਿੰਦਗੀ ਦੇ ਹਰ ਖੇਤਰ ਦੀਆਂ ਸਹੂਲਤਾਂ ਵਿੱਚ ਵਿਗਿਆਨਕ ਖੋਜਾਂ ਦੀ ਚਰਚਾ ਹੋ ਰਹੀ ਹੈ।ਇਹ ਵੱਖਰੀ ਗਲ ਹੈ ਕਿ ਮਨੁੱਖ ਦੇ ਲਾਲਚੀ ਤੇ ਸਵਾਰਥੀ ਸੁਭਾਅ ਕਰਕੇ ਬਹੁਤ ਵਾਰੀ ਵਿਗਿਆਨਕ ਖੋਜਾਂ ,ਕਾਢਾਂ ਦੀ ਦੁਰਵਰਤੋਂ ਹੁੰਦੀ ਹੈ।ਪਰ ਇੰਨੀ ਤਰੱਕੀ ਦੇ ਬਾਵਜੂਦ ਮਨੁੱਖ ਦਾ ਨਜ਼ਰੀਆ ਵਿਗਿਆਨਕ ਨਹੀਂ ਬਣ ਰਿਹਾ , ਉਸਦੀ ਸੋਚ ਉਥੇ ਹੀ ਖੜੀ ਹੈ।ਸੋਚਣ ਢੰਗ ਵਿਗਿਆਨਕ ਨਹੀਂ ਹੋ ਰਿਹਾ, ਕੁਦਰਤੀ ਵਰਤਾਰਿਆਂ ਬਾਰੇ ਕੀ, ਕਿਉਂ,ਕਿਵੇਂ ਵਿਗਿਆਨਕ ਗੁਣਾਂ ਦੀ ਵਰਤੋਂ ਨਹੀਂ ਕਰ ਰਿਹਾ, ਰਹੱਸਮਈ ਘਟਨਾਵਾਂ ਤੇ ਮਾਨਸਿਕ ਰੋਗਾਂ ਦੇ ਕਾਰਨ ਜਾਨਣ ਦੀ ਥਾਂ ਇਨ੍ਹਾਂ ਨੂੰ ਭੂਤਾਂ -ਪ੍ਰੇਤਾਂ ਦੀ ਕਾਰਵਾਈ ਕਰਾਰ ਦਿੰਦਾ ਹੈ।ਅਸਲ ਵਿੱਚ ਸਾਡਾ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਸਾਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਪਿਛਾਂਹਖਿਚੂ ਰਵਾਇਤਾਂ ਦੇ ਬੁੱਕ ਭਰ ਭਰ ਵੰਡ ਰਿਹਾ ਹੈ। ਇਸਤੇ ਕਾਬਜ਼ ਕਾਰਪੋਰੇਟ ਘਰਾਣਿਆਂ ਲੋਕਾਂ ਨੂੰ ਅੰਧਵਿਸ਼ਵਾਸੀ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ,ਉਹ ਲੋਕਾਂ ਵਿੱਚ ਜਾਗਰੂਕਤਾ ਨੂੰ ਆਪਣੀ ਲੁੱਟ ਲਈ ਘਾਤਕ ਸਮਝਦੇ ਹਨ।ਇਸ ਲਈ ਟੈਲੀਵਿਜ਼ਨ ਵਰਗੇ ਸਾਧਨ ਜਿਸਨੂੰ ਦੇਖਣ ਸੁਨਣ ਲਈ ਦੋ ਗਿਆਨ ਇੰਦਰੀਆਂ ਅੱਖਾਂ ਤੇ ਕੰਨ ਕੰਮ ਕਰਦੇ ਹੋਣ ਕਰਕੇ ਇਹ ਸਾਡੇ ਦਿਲ ਦਿਮਾਗ ਨੂੰ ਬਹੁਤ ਛੇਤੀ ਪ੍ਰਭਾਵਿਤ ਕਰਦੇ ਹਨ ਪਰ ਅਕਸਰ ਕਾਰਪੋਰੇਟ , ਸਰਮਾਏਦਾਰ , ਸੱਤਾ ਤੇ ਕਾਬਜ਼ ਘਰਾਣੇ ਵਿਗਿਆਨ ਦੀਆਂ ਖੋਜਾਂ ਦੇ ਪ੍ਰਚਾਰ ਨੂੰ ਆਪਣੀ ਲੁੱਟ ਲਈ ਖਤਰਨਾਕ ਸਮਝਦੇ ਹਨ।

ਮੈਂ ਰਹੱਸਮਈ ਘਟਨਾ ਦੇ ਇੱਕ ਕੇਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ।ਪਿਛਲੇ ਕਈ ਸਾਲ ਪਹਿਲਾਂ ਦੀ ਗਲ ਹੈ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਲਹਿਰਾਗਾਗਾ ਕੋਲ ਹਰਿਆਣੇ ਸੂਬੇ ਦੇ ਇੱਕ ਪਿੰਡ ਦਾ ਕੇਸ ਇੱਕ ਗੁਰਦਵਾਰੇ ਸਾਹਿਬ ਦੇ ਪਾਠੀ ਪਵਿੱਤਰ ਸਿੰਘ ਰਾਹੀ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਹਰੀ ਸਿੰਘ ਤਰਕ (ਹੁਣ ਮਰਹੂਮ) ਕੋਲ ਆਇਆ ਤੇ ਸਾਰੀ ਕਹਾਣੀ ਦੱਸੀ ਕਿ ਸਾਡੇ ਇੱਕ ਰਿਸ਼ਤੇਦਾਰ ਦੀਆਂ ਮਕਾਨ ਦੀਆਂ ਕੰਧਾਂ ਦੇ ਬਾਹਰਲੇ ਪਾਸੇ 'ਤੇ ਖ਼ੂਨ ਦੇ ਛਿੱਟੇ ਆਉਂਦੇ ਹਨ, ਕੁੱਝ ਪਤਾ ਨਹੀਂ ਲਗ ਰਿਹਾ। ਘਰ ਵਾਲੇ ਬੜੇ ਡਰੇ ਹੋਏ ਹਨ ।ਉਹ ਇਸਨੂੰ ਭੂਤਾਂ -ਪ੍ਰੇਤਾਂ ਨਾਲ ਜੋੜ ਰਹੇ ਹਨ ਤੇ ਅਖੌਤੀ ਸਿਆਣਿਆਂ ਦੇ ਚੱਕਰਾਂ ਵਿੱਚ ਪਏ ਹੋਏ ਹਨ ।ਪਵਿੱਤਰ ਸਿੰਘ ਨੇ ਕਿਹਾ ਕਿ ਕਲ ਉਨ੍ਹਾਂ ਮੇਰੇ ਨਾਲ ਗੱਲ ਸਾਂਝੀ ਕੀਤੀ ਹੈ ਤੇ ਮੈਂ ਤਰਕਸ਼ੀਲ ਸੁਸਾਇਟੀ ਕੋਲ ਉਸ ਦੇ ਹਲ ਲਈ ਆਇਆ ਹਾਂ।ਹਰੀ ਸਿੰਘ ਤਰਕ ਨੇ ਮੈਨੂੰ ਆਪਣੇ ਦਫ਼ਤਰ ਬੁਲਾਇਆ ਤੇ ਸਾਰੀ ਗੱਲ ਸਾਂਝੀ ਕੀਤੀ, ਮੈਂ ਸਾਰੀ ਗਲ ਸੁਨਣ ਤੋਂ ਬਾਅਦ ਕਿਹਾ ਕਿ ਆਉਂਦੇ ਐਤਵਾਰ ਨੂੰ ਅਸੀਂ ਪੀੜਿਤ ਪਰਿਵਾਰ ਦੇ ਘਰੇ ਜਾਵਾਂਗੇ, ਤੁਸੀਂ ਸਾਨੂੰ ਲੈ ਜਾਣਾ। ਮੈਂ ਅਗਲੇ ਦਿਨ ਇਕਾਈ ਦੀ ਮੀਟਿੰਗ ਕਰਕੇ ਗਲ ਸਾਂਝੀ ਕੀਤੀ ਤੇ ਐਤਵਾਰ ਨੂੰ ਜਾਣ ਦਾ ਪ੍ਰੋਗਰਾਮ ਬਣਾਇਆ। ਐਤਵਾਰ ਸਵੇਰੇ ਪਵਿਤਰ ਸਿੰਘ ਸਾਨੂੰ ਲੈਣ ਆ ਗਏ ਤੇ ਰਾਣਾ ਸਿੰਘ, ਗੁਰਮੇਲ ਸਿੰਘ,ਹਰੀ ਸਿੰਘ ਤਰਕ ਤੇ ਮੇਰੇ ਸਮੇਤ ਚਾਰ ਮੈਂਬਰੀ ਤਰਕਸ਼ੀਲ ਟੀਮ ਪਵਿੱਤਰ ਸਿੰਘ ਨਾਲ ਪੀੜਤ ਪਰਿਵਾਰ ਦੇ ਘਰ ਪਹੁੰਚੀ।ਚਾਹ ਪਾਣੀ ਪੀਣ ਤੋਂ ਬਾਅਦ ਅਸੀਂ ਪਰਿਵਾਰਕ ਮੈਂਬਰਾਂ ਨਾਲ ਗੱਲ ਸ਼ੁਰੂ ਕੀਤੀ। ਮਕਾਨ ਦੇ ਮੇਨ ਗੇਟ ਤੋਂ ਅੱਗੇ ਵਿਹੜਾ ਸੀ ਤੇ ਵਿਹੜੇ ਤੋਂ ਬਾਅਦ ਰਿਹਾਇਸ਼ੀ ਕਮਰੇ ਸਨ ਤੇ ਕਮਰਿਆਂ ਦੇ ਦਾਖਲੇ ਵਾਲੀ ਕੰਧ ਦੇ ਮੱਥੇ ਤੇ ਖ਼ੂਨ ਨੁਮਾ ਨਿਸ਼ਾਨ ਸਨ।ਗੱਲ ਬਾਤ ਦੌਰਾਨ ਪਰਿਵਾਰ ਮੁਖੀ ਨੇ ਕਿਹਾ ਕਿ 20-25 ਦਿਨਾਂ ਤੋਂ ਕੰਧ 'ਤੇ ਖ਼ੂਨ ਦੇ ਛਿੱਟੇ ਆਏ ਹਨ। ਸਾਨੂੰ ਕੋਈ ਸਮਝ ਨਹੀਂ ਆ ਰਹੀ, ਅਸੀਂ ਬੜੇ ਚਿੰਤਾ ਤੇ ਡਰ ਵਿੱਚ ਹਾਂ।ਅਸੀਂ ਵਿਗਿਆਨਕ ਤੌਰ ਤੇ ਦੇਖਿਆ ਕਿ ਇਹ ਲਹੂ ਨੁਮਾ ਛਿੱਟੇ ਬੰਦਿਆਂ ਦੀ ਪਹੁੰਚ ਤੋਂ ਬਾਹਰ ਸਨ।ਕੰਧ ਕਾਫੀ ਉੱਚੀ ਹੈ।ਨਿਸ਼ਾਨ ਕੰਧ ਦੇ ਵਿਚਾਲੇ ਸੀ,ਕਿਸੇ ਦਾ ਵੀ ਉਪਰੋਂ ਜਾਂ ਹੇਠਾਂ ਹੱਥ ਨਹੀਂ ਜਾ ਸਕਦਾ ਸੀ । ਬਿਲਕੁਲ ਉਪਰ ਜਾਂ ਬਿਲਕੁਲ ਹੇਠਾਂ ਭੋਰਾ ਵੀ ਨਿਸ਼ਾਨ ਨਹੀਂ ਸੀ ਜਿਸਤੋਂ ਪਤਾ ਲਗ ਸਕੇ ਕਿ ਕਿਸੇ ਵਿਅਕਤੀ ਨੇ ਉਪਰੋਂ ਜਾਂ ਹੇਠਾਂ ਕੰਧ ਦੇ ਵਿਚਾਲੇ ਲਾਏ ਹੋਣ। ਪੌੜੀ ਤੋਂ ਵੀ ਹੱਥ ਨਹੀਂ ਜਾ ਸਕਦਾ ਸੀ।ਚਿਹਰੇ ਤੋਂ ਵੀ ਕਿਸੇ ਵਿਅਕਤੀ ਤੇ ਸ਼ੱਕ ਨਹੀਂ ਕੀਤਾ ਜਾ ਸਕਿਆ।ਅਸੀਂ ਇਕੱਲੇ ਇਕੱਲੇ ਵਿਅਕਤੀ ਤੋਂ ਅੱਡ ਬਿਠਾ ਕੇ ਗਲ ਕੀਤੀ। ਪਰਿਵਾਰਕ ਮੈਂਬਰ ਅਤੀ ਅੰਧਵਿਸ਼ਵਾਸੀ ਸੀ, ਵਿਗਿਆਨਕ ਸੋਚ ਤੋਂ ਕਾਫੀ ਦੂਰ ਸਨ। ਮਨੋਵਿਗਿਆਨਕ ਤੌਰ ਤੇ ਕੀਤੀ ਪੜਤਾਲ ਤੋਂ ਕਿਸੇ ਪਰਿਵਾਰਕ ਮੈਂਬਰ ਤੇ ਸ਼ੱਕ ਨਹੀਂ ਹੋਇਆ।ਇਹ ਨਿਸ਼ਾਨ ਲਹੂ ਦੇ ਸੀ ਜਾਂ ਕਿਸੇ ਹੋਰ ਚੀਜ਼ ਦੇ , ਪਤਾ ਨਹੀਂ ਲਗ ਸਕਿਆ। ਅਸੀਂ ਸੋਚ ਰਹੇ ਸੀ ਕਿ ਇਹ ਨਿਸ਼ਾਨ ਕੰਧ ਦੇ ਵਿਚਾਲੇ ਕਿਵੇਂ ਲਗ ਸਕਦੇ ਹਨ। ਅਸੀਂ ਵਿਚਾਰ ਕਰਦੇ , ਸੋਚਦੇ ਉਨ੍ਹਾਂ ਦੇ ਵੱਡੇ ਵਿਹੜੇ ਵਿੱਚ ਦਰੱਖਤਾਂ ਹੇਠ ਜਾ ਖੜ੍ਹੇ ਹੋਏ । ਕਈ ਦਰੱਖ਼ਤ ਸ਼ਹਿਤੂਤ ਦੇ ਸਨ, ਤੂਤੀਆਂ ਲੱਗੀਆਂ ਹੋਈਆਂ ਸਨ।ਅਸੀਂ ਉਥੇ ਕੰਧ ਤੇ ਲੱਗੇ ਨਿਸ਼ਾਨ ਵਰਗੇ ਹੇਠਾਂ ਜ਼ਮੀਨ ਤੇ ਨਿਸ਼ਾਨ ਦੇਖੇ। ਮੈਂ ਇੱਕ ਦਮ ਕਿਹਾ ਖ਼ੂਨ ਦੇ ਛਿੱਟਿਆਂ ਵਾਲਾ ਭੂਤ ਫ਼ੜ ਲਿਆ।ਦੇਖੋ ਜ਼ਮੀਨ ਤੇ ਖ਼ੂਨ ਦੇ ਨਿਸ਼ਾਨ ਹਨ ਤੇ ਦਰੱਖ਼ਤ ਉਪਰੋਂ ਆ ਰਹੇ ਹਨ। ਮੈਂ ਕਿਹਾ ਕੰਧ ਤੇ ਖ਼ੂਨ ਦੇ ਨਿਸ਼ਾਨ ਨਹੀਂ, ਪੰਛੀਆਂ ਦੀਆਂ ਵਿੱਠਾਂ ਹਨ।ਪੰਛੀ ਇਹ ਤੂਤੀਆਂ ਖਾਂਦੇ ਹਨ ਤੇ ਉੱਡਦਿਆਂ ਉਨ੍ਹਾਂ ਦੀਆਂ ਵਿੱਠਾਂ ਕੰਧ ਤੇ ਗਿਰ ਗਈਆਂ ਹਨ ਤੇ ਪਰਿਵਾਰ ਵਾਲਿਆਂ ਬਿਨਾਂ ਪੜਤਾਲ ਕੀਤਿਆਂ,ਵਹਿਮੀ ਹੋਣ ਕਰਕੇ ਸੋਚ ਲਿਆ ਇਹ ਖ਼ੂਨ ਦੇ ਛਿੱਟੇ ਹਨ। ਅਸੀਂ ਸਾਰਿਆਂ ਨੇ ਪਵਿੱਤਰ ਸਿੰਘ ਸਮੇਤ ਪਰਿਵਾਰਕ ਮੈਂਬਰਾਂ ਨੂੰ ਬਿਠਾ ਕੇ ਕਿਹਾ ਕਿ ਖ਼ੂਨ ਦੇ ਛਿੱਟਿਆਂ ਵਾਲਾ ਭੂਤ ਫ਼ੜ ਲਿਆ ਹੈ,ਘਰ ਦੇ ਸਾਰੇ ਮੈਂਬਰ ਬੜੇ ਹੈਰਾਨ ਹੋਏ। ਅਸੀਂ ਕਿਹਾ ਇਹ ਪੰਛੀਆਂ ਦੀਆਂ ਵਿੱਠਾਂ ਦੇ ਨਿਸ਼ਾਨ ਹਨ ।ਅਸੀਂ ਉਨ੍ਹਾਂ ਸਾਰਿਆਂ ਨੂੰ ਸ਼ਹਿਤੂਤ ਦੇ ਦਰੱਖ਼ਤ ਹੇਠਾਂ ਲੈ ਗਏ ਤੇ ਕਿਹਾ ਦੇਖੋ ਕਿੰਨੇ ਖ਼ੂਨ ਨੁਮਾ ਨਿਸ਼ਾਨ ਜ਼ਮੀਨ ਤੇ ਹਨ।ਪੰਛੀ ਇਹ ਤੂਤੀਆਂ ਖਾਂਦੇ ਹਨ ਤੇ ਕਿਸੇ ਦਿਨ ਇਨ੍ਹਾਂ ਦੀਆਂ ਵਿੱਠਾਂ ਕੰਧ ਤੇ ਗਿਰ ਗਈਆਂ ਤੇ ਇਹ ਨਿਸ਼ਾਨ ਪੈ ਗਏ। ਤੁਸੀਂ ਖ਼ੂਨ ਦੇ ਨਿਸ਼ਾਨ ਸਮਝ ਲਏ।ਘਰ ਦੇ ਮੈਂਬਰਾਂ ਨੇ ਹਾਂ ਵਿੱਚ ਹਾਂ ਮਿਲਾਈ ਤੇ ਸੁੱਖ ਦਾ ਸਾਹ ਲਿਆ।ਸਾਡੀ ਪਰਖ਼ ਤੋਂ ਪਵਿੱਤਰ ਸਿੰਘ ਸਮੇਤ ਸਾਰੇ ਪਰਿਵਾਰਕ ਮੈਂਬਰ ਬਹੁਤ ਖੁਸ਼ ਹੋਏ । ਪਰਿਵਾਰ ਮੁਖੀ ਵਚਿੱਤਰ ਸਿੰਘ ਨੇ ਕਿਹਾ," ਤੁਸੀਂ ਸਾਨੂੰ ਬਚਾ ਲਿਆ, ਅਸੀਂ ਸਾਰੇ ਬਹੁਤ ਡਰੇ ਹੋਏ ਸੀ, ਇੱਕ ਅਖੌਤੀ ਸਿਆਣੇ ਨੇ ਤਾਂ ਸਾਨੂੰ ਭੂਤਾਂ ਦੇ ਨਿਸ਼ਾਨ ਕਹਿ ਕੇ ਬਹੁਤ ਜ਼ਿਆਦਾ ਡਰਾ ਦਿੱਤਾ ਸੀ, ਤੁਸੀਂ ਸਾਨੂੰ ਭਰਮ ਮੁਕਤ ਕਰਕੇ ਅਖੌਤੀ ਸਿਆਣਿਆਂ ਦੇ ਚੱਕਰਾਂ ਤੋਂ ਬਚਾਅ ਲਿਆ ਜੇ ਅਸੀਂ ਅਖੌਤੀ ਬਾਬਿਆਂ ਦੇ ਡੇਰਿਆਂ ਦੇ ਚੱਕਰਾਂ ਵਿੱਚ ਪੈ ਜਾਂਦੇ ਤਾਂ ਘਰ ਲੁਟਾ ਲੈਂਦੇ ,ਭਲਾ ਹੋਵੇ ਪਵਿੱਤਰ ਸਿੰਘ ਦਾ ਜਿਸ ਤਰਕਸ਼ੀਲ ਸੁਸਾਇਟੀ ਵਾਲਿਆਂ ਨੂੰ ਬੁਲਾ ਲਿਆਂਦਾ, ਜਿਉਂਦੇ ਰਹੋ,ਵਸਦੇ ਰਹੋ।" ਅੰਤ ਵਿੱਚ ਅਸੀਂ ਸਾਰੇ ਪਰਿਵਾਰਕ ਮੈਂਬਰਾਂ ਨੂੰ ਇਕੱਠੇ ਕਰਕੇ ਕਿਹਾ ਕਿ ਇਸ ਦੁਨੀਆਂ ਵਿੱਚ ਭੂਤ ਪ੍ਰੇਤ ਨਾਂ ਦੀ ਕੋਈ ਚੀਜ਼ ਨਹੀਂ, ਸੁਣੀਆਂ ਸੁਣਾਈਆਂ ਗੱਲਾਂ ਦਾ ਡਰ ਹੈ ,ਇਥੇ ਘਟਨਾਵਾਂ ਵਾਪਰਦੀਆਂ ਹਨ ਜਿਨ੍ਹਾਂ ਦੇ ਕਾਰਨ ਲੱਭਣਾ, ਸਚਾਈ ਦੀ ਥਹੁ ਤਕ ਜਾਣਾ ਤਰਕਸ਼ੀਲਤਾ ਹੈ ਵਿਗਿਆਨਕ ਵਿਚਾਰ ਹਨ ਸੋ ਸਾਨੂੰ ਅਖੌਤੀ ਸਿਆਣਿਆਂ ਦੇ ਫੈਲਾਏ ਭਰਮ ਜਾਲ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਨਾ ਚਾਹਿਆ। ਸਾਡੇ ਖਰਚੇ ਬਾਰੇ ਪੁੱਛਣ ਤੇ ਮੈਂ ਕਿਹਾ ," ਸਾਡੀ ਕੋਈ ਫੀਸ ਨਹੀਂ,ਸਾਡਾ ਤਾਂ ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਹੀ ਸਾਡਾ ਖਰਚਾ ਹੈ , ਸਾਡੀ ਫ਼ੀਸ ਹੈ।"

ਇਸ ਲਈ ਲਾਈਲੱਗਤਾ , ਜਾਦੂ- ਟੂਣੇ, ਧਾਗੇ -ਤਵੀਤਾਂ, ਅੰਧਵਿਸ਼ਵਾਸਾਂ,ਵਹਿਮਾਂ-ਭਰਮਾਂ ਦੀ ਦਲਦਲ ਵਿੱਚੋਂ ਨਿਕਲ ਕੇ ਸੂਝਵਾਨ ਤੇ ਵਿਗਿਆਨਕ ਸੋਚ ਦੇ ਧਾਰਨੀ ਬਣੋ ਤੇ ਦੂਜਿਆਂ ਨੂੰ ਵਿਗਿਆਨਕ ਸੋਚ ਦੀ ਰੋਸ਼ਨੀ ਵਿੱਚ ਲਿਆਉਣ ਲਈ ਯਤਨਸ਼ੀਲ ਹੋਵੋ। ਅਸੀਂ ਉਨ੍ਹਾਂ ਨੂੰ ਤਰਕਸ਼ੀਲ ਮੈਗਜ਼ੀਨ ਤੇ ਵਿਗਿਆਨਕਾਂ ਵਿਚਾਰਾਂ ਵਾਲੀਆਂ ਪੁਸਤਕਾਂ ਪੜ੍ਹਨ ਦਾ ਸੁਨੇਹਾ ਦੇ ਕੇ ਤੇ ਡਰ ਮੁਕਤ ਕਰਕੇ ਵਾਪਸ ਆ ਗਏ।

## ਡਰੀਮਲੈਂਡ ਪਬਲਿਕ ਸਕੂਲ ਨੇ 'ਭਾਰਤ ਕੋ ਜਾਨੋ' ਮੁਕਾਬਲੇ ਵਿੱਚ ਪ੍ਰਾਪਤ ਕੀਤਾ ਪਹਿਲਾ ਸਥਾਨ : ਸ਼ਰਮਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 18 ਨਵੰਬਰ : ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸ਼ਾਖਾ ਪੱਧਰ 'ਤੇ ਸ਼ਹਿਰ ਦੇ ਵੱਖ-ਵੱਖ ਸਕੂਲਾਂ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੇ ਵਿਦਿਆਰਥੀਆਂ ਦੀ ਭਾਰਤੀ ਇਤਿਹਾਸ ਸਬੰਧੀ ਲਿਖਤੀ 'ਭਾਰਤ ਕੋ ਜਾਨੋ' ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸ਼ਹਿਰ ਦੇ ਵੱਖ-ਵੱਖ ਸਕੂਲਾਂ ਵਿੱਚੋਂ ਦੋ-ਦੋ ਵਿਦਿਆਰਥੀਆਂ ਦੀ ਚੋਣ ਕਰਕੇ ਇਨ੍ਹਾਂ ਵਿਚਾਲੇ ਸੂਬਾ ਪੱਧਰੀ ਮੁਕਾਬਲਿਆਂ ਸਬੰਧੀ ਚੋਣ ਕੀਤੀ ਗਈ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਦੱਸਿਆ ਕਿ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਦੇ ਸੀਨੀਅਰ ਵਰਗ ਵਿੱਚੋਂ ਹਸ਼ਰਤਪ੍ਰੀਤ ਕੌਰ ਸਪੁੱਤਰੀ ਰਾਜਾ ਸਿੰਘ ਅਤੇ ਖੁਸ਼ਪ੍ਰੀਤ ਕੌਰ ਸਪੁੱਤਰੀ ਹਰਜਿੰਦਰ ਸਿੰਘ ਅਤੇ ਜੂਨੀਅਰ ਵਰਗ ਵਿੱਚੋਂ ਹਰਮਨ ਸਿੰਘ ਸਪੁੱਤਰ ਨਿਰਵੈਰ ਸਿੰਘ ਅਤੇ ਅਮਨਦੀਪ ਸਿੰਘ ਸਪੁੱਤਰ ਪਰਮਜੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਆਪਣਾ ਨਾਮ ਦਰਜ ਕਰਵਾਇਆ। ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਅਤੇ ਅਧਿਆਪਕ ਪ੍ਰਦੀਪ ਕੁਮਾਰ ਨੂੰ ਵਧਾਈ ਦਿੰਦਿਆਂ ਅੱਗੇ ਆਉਣ ਵਾਲੇ ਹੋਰ ਮੁਕਾਬਲਿਆਂ ਵਿੱਚ ਮਿਹਨਤ ਕਰਕੇ ਪੁਜੀਸ਼ਨਾਂ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ। ਮੈਡਮ ਨਵਪ੍ਰੀਤ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਸਨਮਾਨਿਤ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਮੈਡਮ ਨਵਪ੍ਰੀਤ ਸ਼ਰਮਾ, ਮੈਡਮ ਰਾਜਵਿੰਦਰ ਕੌਰ, ਪ੍ਰਦੀਪ ਕੁਮਾਰ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਵੀ ਹਾਜ਼ਰ ਸਨ।



## ਅਵਾਰਾ ਕੁੱਤਿਆਂ ਤੋਂ ਨਿਜ਼ਾਤ ਲਈ ਆਏ ਫੈਸਲਿਆਂ ਤੋਂ ਰਾਜ ਸਰਕਾਰਾਂ ਗੰਭੀਰ ਨੇ ?

ਵਰਲਡ ਪੰਜਾਬੀ ਟਾਈਮਜ਼ ਮੇਜਰ ਸਿੰਘ ਨਾਭਾ



ਪਿਛਲੇ ਮਹੀਨਿਆਂ 'ਚ ਅਵਾਰਾ ਕੁੱਤਿਆਂ ਦੇ ਗੰਭੀਰ ਮੁੱਦੇ ਉੱਪਰ ਸੁਪਰੀਮ ਕੋਰਟ ਕਈ ਫੈਸਲੇ ਆ ਚੁੱਕੇ ਹਨ , ਜਿਨ੍ਹਾਂ 'ਚੋਂ ਇੱਕ ਸਖਤ ਫੈਸ਼ਲਾ ਆਇਆ ਸੀ ਜਿਸ ਵਿੱਚ ਦਿੱਲੀ ਸਰਕਾਰ , ਐਮ.ਸੀ.ਡੀ. ਅਤੇ ਐਨ.ਡੀ.ਐਮ.ਸੀ. ਨੂੰ ਅੱਠ ਹਫਤੇ 'ਚ ਕੁੱਤਿਆਂ ਲਈ ਸੈਲਟਰ ਘਰ ਅਤੇ ਇਸ ਦੇ ਬੁਨਿਆਦੀ ਢਾਂਚੇ ਦੀ ਰਿਪੋਰਟ ਦੇਣ ਲਈ ਕਿਹਾ ਸੀ ।ਇਨ੍ਹਾਂ ਕੁੱਤਿਆਂ ਦੇ ਬੱਚਿਆਂ ਅਤੇ ਬਜ਼ੁਰਗਾਂ ਨੂੰ ਵੱਢਣ ਦੀਆਂ ਮੀਡੀਆ ਵਿੱਚ ਕਾਫੀ ਚਰਚਾ ਹੋਣ ਤੇ ਇਹ ਸਖਤ ਫੈਸ਼ਲਾ ਜਨ ਹਿੱਤ ਵਿੱਚ ਆਇਆ ਸੀ । ਫੈਸਲੇ ਵਿੱਚ ਇਹ ਵੀ ਸਵਾਲ ਆਇਆ ਹੈ ਕਿ ਦਿੱਲੀ ਵਿੱਚ ਬੱਚਿਆਂ ਨੂੰ ਕੱਟਣ ਕਾਰਨ ਰੈਬੀਜ਼ ਨਾਲ ਜੂਝਣ ਕਾਰਨ ਉਨ੍ਹਾਂ ਦੀ ਜ਼ਿੰਦਗੀ ਨੂੰ ਪਸੂ ਅਤੇ ਕੁੱਤਾ ਪ੍ਰੇਮੀ ਕੀ ਵਾਪਿਸ ਲਿਆ ਦੇਣਗੇ ।ਫੈਸ਼ਲੇ 'ਚ ਇਹ ਵੀ ਕਿਹਾ ਗਿਆ ਹੈ ਕਿ ਦਿੱਲੀ ਦੇ ਸਾਰੇ ਇਲਾਕਿਆਂ ਨੂੰ ਅਵਾਰਾ ਕੁੱਤਿਆ ਤੋਂ ਮੁਕਤ ਕਰਾਉਣਾ ਹੈ । ਜਾਨ ਹਰੇਕ ਜੀਵ ਨੂੰ ਪਿਆਰੀ ਹੁੰਦੀ ਹੈ ਸੋ ਸਾਰੇ ਜੀਵ ਜੰਤੂਆਂ ਦੀ ਸੁਰੱਖਿਅਤ ਲਈ ਸਰਕਾਰ ਵਲੋਂ ਯੋਗ ਪ੍ਰਬੰਧ ਕਰਕੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਆਜ਼ਾਦ ਤੌਰ ਤੇ ਵਿਚਰਨ ਲਈ ਖੁੱਲ੍ਹ ਦਿੱਤੀ ਜਾਵੇ । ਅਕਤੂਬਰ 2025 ਦੇ ਅਖੀਰ ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਰਾਜਾਂ ਦੇ ਢਿੱਲੇ-ਮੱਠੇ ਰਵੱਈਏ 'ਤੇ ਇਤਰਾਜ਼ ਪ੍ਰਗਟਾਉਂਦਿਆਂ ਸਾਰੇ ਰਾਜਾਂ ਦੇ ਮੁੱਖ ਸਕੱਤਰਾਂ ਨੂੰ ਨਿੱਜੀ ਤੌਰ ਤੇ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ । ਇਸੇ ਸਬੰਧ ਵਿੱਚ ਸੁਪਰੀਮ ਕੋਰਟ ਨੇ 7 ਨਵੰਬਰ 2025 ਨੂੰ ਵਿੱਦਿਅਕ ਸੰਸਥਾਵਾਂ ,ਹਸਪਤਾਲਾਂ , ਬੱਸ ਅੱਡਿਆਂ , ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ ਤੋਂ ਆਵਾਰਾ ਕੁੱਤਿਆਂ ਅਤੇ ਹੋਰ ਪਸ਼ੂਆਂ ਨੂੰ ਤੁਰੰਤ ਹਟਾਉਣ ਦੇ ਹੁਕਮ ਕੀਤੇ ਹਨ । ਅਦਾਲਤ ਨੇ ਕਿਹਾ ਹੈ ਕਿ ਜਨਤਕ ਥਾਵਾਂ ਉੱਪਰ ਵੱਧ ਰਹੀ ਕੁੱਤਿਆਂ ਦੀ ਗਿਣਤੀ ਨਾ ਸਿਰਫ ਜਨਤਕ ਸੁਰੱਖਿਆ ਲਈ ਖਤਰਾ ਹੈ ਸਗੋਂ ਬੱਚਿਆਂ , ਮਰੀਜ਼ਾਂ ਅਤੇ ਬਜ਼ੁਰਗਾਂ ਲਈ ਵੀ ਗੰਭੀਰ ਚਿੱਤਾ ਦਾ ਵਿਸ਼ਾ ਹੈ । ਬੈਂਚ ਨੇ ਰਾਜ ਸਰਕਾਰਾਂ ਅਤੇ ਸਥਾਨਕ ਸੰਸਥਾਵਾਂ ਨੂੰ ਕੁੱਤਿਆਂ ਦੀ ਦੇਖਭਾਲ , ਟੀਕਾਕਰਨ ਅਤੇ ਮੁੜ ਵਸੇਬਾ ਯਕੀਨੀ ਬਣਾਉਣ ਲਈ ਹਰ ਸੰਭਵ ਹੱਲ ਅਪਣਾਉਣ ਲਈ ਕਿਹਾ ਹੈ ਅਤੇ ਅਗਲੀ ਸੁਣਵਾਈ ਤੇ ਕੀਤੀ ਕਾਰਵਾਈ ਦੀ ਸਮੀਖਿਆ ਕੀਤੀ ਜਾਵੇਗੀ । ਇਸ ਫਿਟਕਾਰ ਨੂੰ ਪੰਜਾਬ ਸਰਕਾਰ ਕਿਸ ਤਰ੍ਹਾਂ ਲੈਂਦੀ ਹੈ ਇਹ ਆਉਣ ਵਾਲਾ ਸਮਾਂ ਦੱਸੇਗਾ ਕਿ ਕੁੱਤਿਆਂ ਨੂੰ ਜਨਤਕ ਥਾਵਾਂ ਤੋਂ ਕਿੰਨਾ ਕੁ ਹਟਾਇਆ ਗਿਆ ਹੈ ।

ਬਜ਼ੁਰਗਾਂ ਅਤੇ ਬੱਚਿਆਂ ਲਈ ਇਹ ਅਵਾਰਾ ਕੁੱਤੇ ਜ਼ਿਆਦਾ ਖੂੰਖਾਰ ਸਿੱਧ ਹੋ ਰਹੇ ਹਨ। ਪੰਜਾਬ ਅੰਦਰ ਪਿਛਲੇ ਸਾਲਾਂ ਤੋਂ ਖੂੰਖਾਰ ਕੁੱਤਿਆਂ ਵਲੋਂ ਕਈ ਛੋਟੇ ਬੱਚਿਆਂ ਬਜ਼ੁਰਗਾਂ ਨੂੰ ਨੋਚ ਨੋਚ ਕੇ ਮੌਤ ਦੇ ਮੂੰਹ ਪਾਇਆ ਹੈ ।ਇਨ੍ਹਾਂ ਪੀੜ੍ਹਤ ਪਰਿਵਾਰਾਂ ਦਾ ਦੁੱਖ ਉਹੀ ਜਾਣਦੇ ਹਨ । ਕਈ ਵਾਰੀ ਇਨ੍ਹਾਂ ਜਾਨਵਰਾਂ ਦੀ ਨਸ਼ਬੰਦੀ ਕਰਨ , ਫੜ੍ਹਨ ਆਦਿ ਦੀ ਦੀ ਗੱਲ ਤੁਰਦੀ ਹੈ ਪਰ ਨਤੀਜਾ ਸਾਹਮਣੇ ਕੋਈ ਨਹੀਂ ਆਉਂਦਾ । ਅਵਾਰਾ ਕੁੱਤੇ ਗਲੀਆਂ ਵਿੱਚ ਜੋ ਗੰਦ ਪਾਉਂਦੇ ਹਨ , ਉਥੋਂ ਲੰਘਣਾ ਵੀ ਮੁਸ਼ਕਲ ਹੋ ਜਾਂਦਾ ਹੈ । ਪਾਲਤੂ ਕੁੱਤੇ ਨੂੰ ਕਈ ਪ੍ਰੇਮੀ ਖੁੱਲ੍ਹਾ ਛੱਡ ਕੇ ਆਪਣੇ ਨਾਲ ਲਿਜਾਣ ਵਿੱਚ ਸ਼ਾਨ ਸਮਝਦੇ ਹਨ ਪਰ ਜਾਨਵਰ ਦਾ ਕੀ ਭਰੋਸਾ ਕਦੋਂ ਕਿਸੇ ਨੂੰ ਵੱਡ ਲਵੇ , ਕਈ ਘਟਨਾਵਾਂ ਇਸ ਤਰ੍ਹਾਂ ਵਾਪਰ ਜਾਂਦੀਆਂ ਹਨ । ਸੋ ਇਸ ਤਰ੍ਹਾਂ ਖੁੱਲ੍ਹੇ ਕੁੱਤੇ ਲਿਜਾਣ ਉੱਪਰ ਪਾਬੰਦੀ ਹੋਣੀ ਚਾਹੀਦੀ ਹੈ । ਇਹ ਪ੍ਰੇਮੀ ਸਵੇਰੇ ਹੀ ਦੂਸਰਿਆਂ ਦੇ ਘਰ ਮੂਹਰੇ , ਰਸਤਿਆ ਵਿਚਕਾਰ ਜਿੱਥੇ ਵੀ ਜਾਨਵਰ ਦਾ ਜੀਅ ਕਰਦਾ ਉਥੇ ਹੀ ਪੌਂਟੀ ਕਰਵਾ ਦਿੰਦੇ ਹਨ ਜਿਸ ਕਰਕੇ ਰਸਤੇ ਲੰਘਣ ਲਈ ਖਰਾਬ / ਗੰਦੇ ਹੋ ਜਾਂਦੇ ਹਨ। ਇਸ ਸਬੰਧੀ ਵੀ ਜਾਨਵਰ ਪਾਲਣ ਵਾਲਿਆਂ ਲਈ ਦਿਸ਼ਾ –ਨਿਰਦੇਸ਼ ਹੋਣੇ ਚਾਹੀਦੇ ਹਨ

ਇੱਕ ਖਬਰ ਅਨੁਸਾਰ ਚੰਡੀਗੜ੍ਹ ਵਿੱਚ ਇੱਕ ਖਬਰ ਮੁਤਾਬਕ ਅਵਾਰਾ ਜਾਨਵਰਾਂ ਦੇ ਕਹਿਰ ਕਾਰਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ ਤੇ ਯੂ.ਟੀ. ਪ੍ਰਸ਼ਾਸਨ ਵਲੋਂ ਅਵਾਰਾ ਜਾਨਵਰਾਂ ਦੇ ਹਮਲੇ ਦੇ ਸ਼ਿਕਾਰ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਈ ਕਮੇਟੀ ਕੋਲ ਇੱਕ ਸਾਲ ਵਿੱਚ 495 ਲੋਕਾਂ ਨੇ ਮੁਆਵਜ਼ਾ ਲੈਣ ਲਈ ਕਮੇਟੀ ਕੋਲ ਅਪਲਾਈ ਕੀਤਾ ਜਿਸ ਵਿੱਚੋਂ 480 ਮਾਮਲੇ ਕੁੱਤਿਆਂ ਦੇ ਵੱਢਣ ਦੇ ਹਨ । ਵਧੇਰੇ ਮਾਮਲਿਆਂ ਤੇ ਪ੍ਰਸ਼ਾਸਨ ਸੁਣਵਾਈ ਕਰ ਚੁੱਕਾ ਹੈ ਅਤੇ ਬਾਕੀਆਂ ਤੇ ਸੁਣਵਾਈ ਕਰ ਰਿਹਾ ਹੈ ।ਇਸ ਤਰ੍ਹਾਂ ਕਮੇਟੀ ਨੇ 184 ਮਾਮਲਿਆਂ ਵਿੱਚੋਂ 171 ਵਿਅਕਤੀਆਂ ਨੂੰ 28 ਲੱਖ ਤੋਂ ਵੱਧ ਦਾ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ ।ਅਜੇ 291 ਮਾਮਲੇ ਬਕਾਇਆ ਹਨ ।

ਹਰ ਰੋਜ਼ ਕੋਈ ਨਾ ਕੋਈ ਖਬਰ ਅਵਾਰਾ ਕੁੱਤਿਆਂ / ਡੰਗਰਾਂ ਨਾਲ ਦੁਰਘਟਨਾ'ਚ ਮਰਨ ਵਾਲਿਆਂ ਦੀ ਹੁੰਦੀ ਹੈ।ਇਨ੍ਹਾਂ ਕੁੱਤਿਆਂ / ਡੰਗਰਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੇ ਫਿਰਦੇ ਅਤੇ ਬੈਠੇ ਦਿਖਾਈ ਆਮ ਦਿੰਦੇ ਹਨ। ਬਹੁਤੀਆਂ ਸੜਕਾਂ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ।ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ।ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ।ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ। ਸੋ ਇਸ ਤਰ੍ਹਾਂ ਇਨ੍ਹਾਂ ਅਵਾਰਾ ਕੁੱਤਿਆਂ , ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਨੂੰ ਤੁਰੰਤ ਰੋਕਣ ਲਈ ਪੰਜਾਬ ਸਰਕਾਰ ਵਲੋਂ ਵੱਡੇ ਪੱਧਰ 'ਤੇ ਇਨ੍ਹਾਂ ਜੀਵ-ਜੰਤੂਆਂ ,ਜਾਨਵਰਾਂ ਦੀ ਉੱਚਿਤ ਸੰਭਾਲ ਲਈ ਹਰ ਸੰਭਵ ਉਪਰਾਲਾ ਕਰਨਾ ਚਾਹੀਦਾ ਹੈ ।

## ਡੀ ਸੀ ਨੇ ਫਰੀਦਕੋਟ ਤੋਂ ਅਨੰਦਪੁਰ ਸਾਹਿਬ ਲਈ ਨਗਰ ਕੀਰਤਨ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ

### 20 ਨਵੰਬਰ ਨੂੰ ਫਰੀਦਕੋਟ ਤੋਂ ਰਵਾਨਾ ਹੋਵੇਗਾ ਨਗਰ ਕੀਰਤਨ : ਡੀ.ਸੀ.

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 18 ਨਵੰਬਰ : ਜਿਲ੍ਹਾ ਫਰੀਦਕੋਟ ਦੀ ਪਵਿੱਤਰ ਧਰਤੀ ਤੋਂ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸਾਲਾ ਸ਼ਹੀਦੀ ਦਿਵਸ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਤੇ ਬਾਬਾ ਜੈਤਾ ਜੀ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਸਮਰਪਿਤ ਮਾਲਵਾ ਜੋਨ ਦਾ ਅਲੋਕਿਕ ਨਗਰ ਕੀਰਤਨ 20 ਨਵੰਬਰ ਨੂੰ ਕਿਲ੍ਹਾ ਮੁਬਾਰਕ ਫਰੀਦਕੋਟ ਵਿੱਚ ਸਥਿਤ ਬਾਬਾ ਫਰੀਦ ਜੀ ਦੇ ਤਪ ਅਸਥਾਨ ਤੋਂ ਅਨੰਦਪੁਰ ਸਾਹਿਬ ਲਈ ਰਵਾਨਾ ਹੋਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਨਗਰ ਕੀਰਤਨ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਨਿਯੁਕਤ ਡਿਊਟੀ ਮੈਜਿਸਟ੍ਰੇਟਾਂ ਨਾਲ ਵਿਸ਼ੇਸ਼ ਮੀਟਿੰਗ ਦੌਰਾਨ ਦਿੱਤੀ। ਮੀਟਿੰਗ ਦੌਰਾਨ ਅਧਿਕਾਰੀਆਂ ਤੋਂ ਉਨ੍ਹਾਂ ਦੇ ਕੀਤੇ ਕੰਮਾਂ ਸਬੰਧੀ ਜਾਣਕਾਰੀ ਲੈਂਦਿਆਂ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਹਦਾਇਤ ਕੀਤੀ ਕਿ ਸਬੰਧਤ ਵਿਭਾਗਾਂ ਨੂੰ ਦਿੱਤੇ ਗਏ ਕੰਮ ਸਮੇਂ ਸਿਰ ਮੁਕੰਮਲ ਕਰ ਲਏ ਜਾਣ। ਉਨ੍ਹਾਂ ਕਿਹਾ ਕਿ ਕੰਮਾਂ ਸਬੰਧੀ ਕਿਸੇ ਤਰ੍ਹਾਂ ਦੀ ਕੋਈ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮਿਤੀ 20 ਨਵੰਬਰ ਨੂੰ ਸਵੇਰੇ ਆਰੰਭ ਹੋਣ ਵਾਲੇ ਨਗਰ ਕੀਰਤਨ ਵਿੱਚ ਸਕੂਲੀ ਬੱਚੇ ਵੀ ਭਾਗ ਲੈਣਗੇ, ਜੋ ਨਗਰ ਕੀਰਤਨ ਉੱਪਰ ਫੁੱਲਾਂ ਦੀ ਵਰਖਾ ਕਰਨਗੇ ਅਤੇ ਇੱਕ ਮਨੁੱਖੀ ਚੈਨ ਬਣਾ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 3 ਸਕੂਲਾਂ ਦੇ ਬੈਂਡ




ਵੀ ਨਗਰ ਕੀਰਤਨ ਦੀ ਸ਼ੋਭਾ ਵਿੱਚ ਚਾਰ ਚੰਨ ਲਾਉਣਗੇ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਮਿਤੀ 20 ਨਵੰਬਰ ਤੋਂ ਸਵੇਰੇ 8 ਵਜੇ ਕਿਲ੍ਹਾ ਮੁਬਾਰਕ ਵਿੱਚ ਸਥਿਤ ਬਾਬਾ ਫਰੀਦ ਜੀ ਦੇ ਤਪ ਅਸਥਾਨ ਤੋਂ ਸ਼ੁਰੂ ਹੋ ਕੇ ਸ਼ਹਿਰ ਦੀਆਂ ਵੱਖ ਵੱਖ ਥਾਵਾਂ ਜਿਵੇਂ ਕਿ ਹੁੱਕੀ ਚੌਂਕ, ਘੰਟਾ ਘਰ ਚੌਂਕ, ਭਾਈ ਘੱਨਈਆ ਚੌਂਕ, ਸਾਦਿਕ ਚੌਂਕ, ਨਾਨਕਸਰ ਬਸਤੀ, ਪਿੰਡ ਪਿੱਪਲੀ, ਰਾਜੋਵਾਲਾ ਤੋਂ ਗੋਲੇਵਾਲਾ ਹੁੰਦਾ ਹੋਇਆ ਫਿਰੋਜ਼ਪੁਰ ਵਿਖੇ ਦਾਖਲ ਹੋਵੇਗਾ। ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਨਗਰ ਕੀਰਤਨ ਦੇ ਸਮੇਂ ਸਫਾਈ ਦਾ ਪੂਰਾ ਧਿਆਨ ਰੱਖਿਆ ਜਾਵੇ ਅਤੇ ਲੰਗਰ ਵਾਲੀਆਂ ਥਾਵਾਂ ਤੇ ਕੂੜੇਦਾਨ ਲਗਾਏ ਜਾਣ ਤਾਂ ਜੋ ਸ਼ਹਿਰ ਦੀ ਸੁਦੰਰਤਾ ਬਰਕਰਾਰ ਰੱਖੀ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਸਾਰੇ ਕੰਮ ਮਰਿਆਦਾ ਵਿੱਚ ਰਹਿ ਕੇ ਕੀਤੇ ਜਾਣ। ਇਸ ਤੋਂ ਇਲਾਵਾ ਸੜਕਾਂ ਦੀ ਸਫਾਈ, ਸਟਰੀਟ ਲਾਈਟਾਂ ਆਦਿ ਦੀ ਸਫਾਈ ਅਤੇ ਮੁਰਮੰਤ ਕਰਵਾਈ ਜਾਵੇ। ਉਨ੍ਹਾਂ ਹਾਜ਼ਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਮਿੱਥੇ ਸਮੇਂ ਆਪਣੇ ਕੰਮ ਪੂਰੇ ਕਰਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਹਰਜੋਤ ਕੌਰ, ਐਸ.ਡੀ.ਐਮ. ਫਰੀਦਕੋਟ ਮੇਜਰ ਡਾ. ਵਰੁਣ ਕੁਮਾਰ, ਐਸ.ਡੀ.ਐਮ ਕੋਟਕਪੂਰਾ/ਜੈਤੋ ਸੂਰਜ ਕੁਮਾਰ, ਜੀ.ਏ. ਫਰੀਦਕੋਟ ਗੁਰਕਿਰਨਦੀਪ ਸਿੰਘ, ਡਾ. ਗੁਰਪ੍ਰੀਤ ਸਿੰਘ ਬਲਾਕ ਖੇਤੀਬਾੜੀ ਅਫਸਰ, ਈ.ਓ ਫਰੀਦਕੋਟ ਅਮ੍ਰਿਤ ਲਾਲ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।